Class-8 Tender Heart High school sec-33B Chd 1 Page-1

21. ਹੱਥ ਅੱਡਣਾ (ਭਿੱਖਿਆ ਮੰਗਣੀ) : ਕਈ ਲੋਕ ਹੱਥ ਅੱਡਣ ਨੂੰ ਚੰਗਾ ਨਹੀਂ ਸਮਝਦੇ।

22. ਹੱਥ ਵਟਾਉਣਾ (ਕਿਸੇ ਦੂਸਰੇ ਦੇ ਕੰਮ ਵਿੱਚ ਸਹਾਇਤਾ ਕਰਨੀ) : ਸਾਨੂੰ ਹਮੇਸ਼ਾਂ ਬਜ਼ੁਰਗਾਂ ਦੇ ਕੰਮ ਵਿੱਚ ਉਹਨਾਂ ਦਾ ਹੱਥ ਵਟਾਉਣਾ ਚਾਹੀਦਾ ਹੈ।

23. ਹਲਾਸ਼ੇਰੀ ਦੇਣੀ (ਹੌਸਲਾ ਦੇਣਾ) : ਬੱਚਿਆਂ ਨੂੰ ਮਾਪਿਆਂ ਵੱਲੋਂ ਹਲਾਸ਼ੇਰੀ ਮਿਲ਼ਦੀ ਰਹੇ ਤਾਂ ਉਹਨਾਂ ਦਾ ਹੌਸਲਾ ਵਧਦਾ ਰਹਿੰਦਾ ਹੈ।

24. ਹਾਮੀ ਭਰਨਾ (ਪੱਖ ਪੂਰਨਾ, ਹਾਂ ਵਿੱਚ ਹਾਂ ਮਿਲ਼ਾਉਣੀ) : ਮੈਂ ਤਾਂ ਹਰ ਵੇਲ਼ੇ ਆਪਣੇ ਦੋਸਤ ਦੀ ਹਾਮੀ ਭਰਦਾ ਹਾਂ ਪਰ ਜਦ ਮੈਨੂੰ ਉਸ ਦੀ ਲੋੜ ਪੈਂਦੀ ਹੈ ਤਾਂ ਉਹ ਮੂੰਹ ਫੇਰ ਲੈਂਦਾ ਹੈ।

25. ਕੰਨਾਂ ਨੂੰ ਹੱਥ ਲਾਉਣਾ (ਤੋਬਾ ਕਰਨੀ) : ਸਾਨੂੰ ਮਾੜੀਆਂ ਆਦਤਾਂ ਤੋਂ ਕੰਨਾਂ ਨੂੰ ਹੱਥ ਲਾਉਣਾ ਚਾਹੀਦਾ ਹੈ।

26. ਕੰਨਾਂ ਵਿੱਚ ਫੂਕ ਮਾਰਨਾ (ਪੱਟੀ ਪੜ੍ਹਾਉਣੀ) : ਪਤਾ ਨਹੀਂ ਕਰਤਾਰੇ ਨੇ ਜੀਤੇ ਦੇ ਕੰਨਾਂ ਵਿੱਚ ਕੀ ਫੂਕ ਮਾਰੀ ਹੈ ਉਹ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ।

27. ਕਿਤਾਬੀ ਕੀੜਾ ਹੋਣਾ (ਹਰ ਵੇਲ਼ੇ ਪੜ੍ਹਦੇ ਰਹਿਣਾ) : ਨਵਨੀਤ ਦੇ ਹੱਥ ਵਿੱਚ ਹਰ ਵੇਲ਼ੇ ਕਿਤਾਬ ਹੁੰਦੀ ਹੈ। ਉਹ ਤਾਂ ਕਿਤਾਬੀ ਕੀੜਾ ਹੀ ਬਣ ਗਈ ਹੈ।

28. ਖ਼ੁਰਾ ਖੋਜ ਮਿਟਾ ਦੇਣਾ (ਪੂਰੀ ਤਰ੍ਹਾਂ ਤਬਾਹ ਕਰ ਦੇਣਾ) ; ਭਾਰਤੀ ਫ਼ੌਜਾਂ ਨੇ ਦੁਸ਼ਮਣ ਦੀਆਂ ਫ਼ੌਜਾਂ ਦਾ ਖ਼ੁਰਾ ਖੋਜ ਮਿਟਾ ਦਿੱਤਾ।

29. ਗਲ਼ ਪਿਆ ਢੋਲ ਵਜਾਉਣਾ (ਮਜਬੂਰੀ ਵਿੱਚ ਕੰਮ ਕਰਨਾ) : ਕਈ ਵਾਰ ਨਾ ਚਾਹੁੰਦਿਆਂ ਹੋਇਆਂ ਵੀ ਗਲ਼ ਪਿਆ ਢੋਲ ਵਜਾਉਣਾ ਪੈਂਦਾ ਹੈ।

30. ਗੁੱਡੀ ਚੜ੍ਹਨੀ (ਮਸ਼ਹੂਰੀ ਜਾਂ ਪ੍ਰਸਿੱਧੀ ਹੋਣੀ) : ਜਦੋਂ ਦਾ ਰੋਹਨ ਕਮੇਟੀ ਦਾ ਪ੍ਰਧਾਨ ਬਣਿਆ ਹੈ ਉਸ ਦੀ ਗੁੱਡੀ ਚੜ੍ਹੀ ਹੋਈ ਹੈ।

31. ਗੋਡੇ ਟੇਕਣੇ (ਹਾਰ ਮੰਨਣੀ) : ਦੁਸ਼ਮਣ ਦੀ ਫ਼ੌਜ ਨੇ ਜਲਦੀ ਹੀ ਗੋਡੇ ਟੇਕ ਦਿੱਤੇ।

32. ਘੜੀਆਂ ਪਲਾਂ 'ਤੇ ਹੋਣਾ (ਮਰਨ ਕਿਨਾਰੇ ਹੋਣਾ) : ਜਗਨੇ ਦੀ ਮਾਂ ਬਹੁਤ ਦੇਰ ਦੀ ਬਿਮਾਰ ਹੈ। ਹੁਣ ਤਾਂ ਉਹ ਘੜੀਆਂ ਪਲਾਂ 'ਤੇ ਹੀ ਹੈ।

33. ਘੋੜੇ ਵੇਚ ਕੇ ਸੌਣਾ (ਬੇਫ਼ਿਕਰ ਹੋ ਕੇ ਸੌਣਾ) : ਜਿਸ ਨੂੰ ਕੋਈ ਫ਼ਿਕਰ ਨਹੀਂ ਹੁੰਦਾ ਉਹ ਘੋੜੇ ਵੇਚ ਕੇ ਸੌਂਦਾ ਹੈ।

34. ਚੜ੍ਹਾਈ ਕਰਨੀ (ਹਮਲਾ ਕਰਨਾ) : ਚੜ੍ਹਾਈ ਕਰਨ ਸਮੇਂ ਫ਼ੌਜ ਨੂੰ ਪੂਰੀ ਤਿਆਰੀ ਵਿੱਚ ਹੋਣਾ ਚਾਹੀਦਾ ਹੈ।

35. ਚਿੱਕੜ ਸੁੱਟਣਾ (ਬੇਇਜ਼ਤੀ ਕਰਨੀ, ਤੁਹਮਤ ਲਾਉਣੀ) : ਇੱਕ ਦੂਜੇ 'ਤੇ ਚਿੱਕੜ ਸੁੱਟਣਾ ਸਮਝਦਾਰ ਲੋਕਾਂ ਦਾ ਕੰਮ ਨਹੀਂ।

36. ਜਾਨ ਵਿੱਚ ਜਾਨ ਆਉਣੀ (ਸੁੱਖ ਦਾ ਸਾਹ ਆਉਣਾ, ਹੌਸਲਾ ਬੱਝਣਾ) : ਸੜਕ ਹਾਦਸੇ ਵਿੱਚ ਆਪਣੇ ਪੁੱਤਰ ਦੇ ਬਚ ਜਾਣ ਬਾਰੇ ਜਾਣ ਕੇ ਮਾਂ ਦੀ ਜਾਨ ਵਿੱਚ ਜਾਨ ਆਈ।

37. ਜੀਭ ਦੰਦਾਂ ਹੇਠ ਦੇਣੀ (ਚੁੱਪ ਸਾਧਣੀ) : ਲੜਾਈ ਨੂੰ ਵਧਣ ਤੋਂ ਰੋਕਣ ਲਈ ਜੀਭ ਦੰਦਾਂ ਹੇਠ ਦੇਣੀ ਹੀ ਠੀਕ ਰਹਿੰਦੀ ਹੈ।

38. ਜ਼ਖ਼ਮਾਂ 'ਤੇ ਮਲ੍ਹਮ ਲਾਉਣੀ (ਦੁੱਖ ਵੇਲ਼ੇ ਕਿਸੇ ਨੂੰ ਹੌਸਲਾ ਦੇਣਾ) : ਜ਼ਖ਼ਮਾਂ 'ਤੇ ਲੂਣ ਤਾਂ ਸਾਰੇ ਛਿੜਕਦੇ ਹਨ ਪਰ ਜ਼ਖ਼ਮਾਂ 'ਤੇ ਮਲ੍ਹਮ ਕੋਈ-ਕੋਈ ਲਾਉਂਦਾ ਹੈ।

39. **ਜ਼ਖ਼ਮਾਂ 'ਤੇ ਲੂਣ ਛਿੜਕਣਾ (ਦੁਖੀ ਵਿਅਕਤੀ ਨੂੰ ਹੋਰ ਦੁਖੀ ਕਰਨਾ)** : ਜੇਕਰ ਤੁਸੀਂ ਕਿਸੇ ਨੂੰ ਹੌਸਲਾ ਨਹੀਂ ਦੇ ਸਕਦੇ ਤਾਂ ਉਸ ਦੇ ਜ਼ਖ਼ਮਾਂ 'ਤੇ ਲੂਣ ਵੀ ਨਾ ਛਿੜਕੋ।
40. **ਟੁੱਟ ਕੇ ਪੈਣਾ (ਜ਼ੋਰ ਦਾ ਹੱਲਾ ਕਰਨਾ)** : ਸਾਡੀਆਂ ਫ਼ੌਜਾਂ ਦੁਸ਼ਮਣ ਦੀਆਂ ਫ਼ੌਜਾਂ 'ਤੇ ਟੁੱਟ ਕੇ ਪੈ ਗਈਆਂ।
41. **ਠੋਕ ਵਜਾ ਕੇ ਵੇਖਣਾ (ਚੰਗੀ ਤਰ੍ਹਾਂ ਪਰਖਣਾ)** : ਕੋਈ ਵੀ ਚੀਜ਼ ਖ਼ਰੀਦਣ ਸਮੇਂ ਇਸ ਨੂੰ ਠੋਕ ਵਜਾ ਕੇ ਵੇਖਣਾ ਚਾਹੀਦਾ ਹੈ।
42. **ਢਿੱਡੀਂ ਪੀੜਾਂ ਪੈਣੀਆਂ (ਬਹੁਤ ਹੱਸਣ ਕਾਰਨ ਵੱਖੀਆਂ ਦੁਖਣੀਆਂ)** : ਕਈ ਹਾਸ-ਰਸੀ ਫ਼ਿਲਮਾਂ ਦੇਖ ਕੇ ਤਾਂ ਢਿੱਡੀਂ ਪੀੜਾਂ ਪੈਂਦੀਆਂ ਹਨ।
43. **ਤੱਤੀ 'ਵਾ ਨਾ ਲੱਗਣੀ (ਕੋਈ ਤਕਲੀਫ਼ ਜਾਂ ਦੁੱਖ ਨਾ ਹੋਣਾ)** : ਮਾਂ ਹਮੇਸ਼ਾਂ ਚਾਹੁੰਦੀ ਹੈ ਕਿ ਉਸ ਦੇ ਬੱਚਿਆਂ ਨੂੰ ਕਦੇ ਵੀ ਤੱਤੀ 'ਵਾ ਨਾ ਲੱਗੇ।
44. **ਤ੍ਰੇਲੀਆਂ ਛੁੱਟਣੀਆਂ (ਡਰ/ਸਹਿਮ ਜਾਣਾ)** : ਜਦ ਉਹ ਮੌਕੇ 'ਤੇ ਹੀ ਚੋਰੀ ਕਰਦਾ ਫੜਿਆ ਗਿਆ ਤਾਂ ਉਸ ਦੀਆਂ ਤ੍ਰੇਲੀਆਂ ਛੁੱਟਣ ਲੱਗੀਆਂ।
45. **ਥਰ-ਥਰ ਕੰਬਣਾ (ਬਹੁਤ ਡਰਨਾ)** : ਜੇਕਰ ਅਫ਼ਸਰ ਸਖ਼ਤ ਹੋਵੇ ਤਾਂ ਨੌਕਰ ਥਰ-ਥਰ ਕੰਬਦੇ ਹਨ।
46. **ਦਿਨਾਂ ਦਾ ਪ੍ਰਾਹੁਣਾ ਹੋਣਾ (ਮਰਨ ਕਿਨਾਰੇ ਹੋਣਾ)** : ਮੇਰੇ ਦੋਸਤ ਦੇ ਦਾਦਾ ਜੀ ਬਹੁਤ ਸਮੇਂ ਤੋਂ ਬਿਮਾਰ ਹਨ। ਹੁਣ ਤਾਂ ਉਹ ਦਿਨਾਂ ਦੇ ਪ੍ਰਾਹੁਣੇ ਹਨ।
47. **ਦਿਨ ਫਿਰਨੇ (ਚੰਗੇ ਦਿਨ ਆਉਣੇ)** : ਲਗਾਤਾਰ ਘਾਟਾ ਪੈਣ ਤੋਂ ਬਾਅਦ ਹੁਣ ਸਾਡੇ ਦਿਨ ਫਿਰਨੇ ਸ਼ੁਰੂ ਹੋਏ ਹਨ।
48. **ਨੱਕ ਥੱਲੇ ਨਾ ਆਉਣਾ (ਕੁਝ ਵੀ ਪਸੰਦ ਨਾ ਆਉਣਾ)** : ਰੋਜ਼ੀ ਨੂੰ ਭਾਵੇਂ ਵਧੀਆ ਤੋਂ ਵਧੀਆ ਕੱਪੜਾ ਲਿਆ ਕੇ ਦਿਓ ਉਸ ਦੇ ਨੱਕ ਥੱਲੇ ਕੁਝ ਵੀ ਨਹੀਂ ਆਉਂਦਾ।
49. **ਪਾਣੀ ਭਰਨਾ (ਈਨ ਮੰਨਣੀ)** : ਕਰਤਾਰੇ ਨੇ ਵਿਰੋਧੀਆਂ ਨੂੰ ਕਿਹਾ ਕਿ "ਹੁਣ ਭਾਵੇਂ ਤੁਸੀਂ ਨਾ ਮੰਨੋ ਪਰ ਅੰਤ ਤੁਹਾਨੂੰ ਮੇਰਾ ਪਾਣੀ ਭਰਨਾ ਪਵੇਗਾ।"
50. **ਪਿੱਠ ਠੋਕਣੀ (ਹੌਸਲਾ ਦੇਣਾ)** : ਸਾਨੂੰ ਆਪਣੀਆਂ ਫ਼ੌਜਾਂ ਦੀ ਪਿੱਠ ਠੋਕਣੀ ਚਾਹੀਦੀ ਹੈ।
51. **ਫੁੱਲੇ ਨਾ ਸਮਾਉਣਾ (ਬਹੁਤ ਖ਼ੁਸ਼ ਹੋਣਾ)** : ਮੇਰੀ ਵੱਡੀ ਭੈਣ ਦੇ ਮੁੰਡਾ ਹੋਣ 'ਤੇ ਉਸ ਦੀ ਸੱਸ ਫੁੱਲੀ ਨਹੀਂ ਸੀ ਸਮਾਉਂਦੀ।
52. **ਭਾਨੀ ਮਾਰਨੀ (ਬਣਦੇ ਕੰਮ ਵਿੱਚ ਰੁਕਾਵਟ ਪਾਉਣੀ)** : ਤੁਸੀਂ ਮੇਰੀ ਮਦਦ ਤਾਂ ਕੀ ਕਰਨੀ ਸੀ ਮੇਰੇ ਹਰ ਕੰਮ ਵਿੱਚ ਭਾਨੀ ਮਾਰੀ ਹੈ।
53. **ਮਗਰਮੱਛ ਦੇ ਹੰਝੂ ਵਹਾਉਣਾ (ਓਪਰੀ ਹਮਦਰਦੀ ਜਤਾਉਣੀ)** : ਬਹੁਤੇ ਲੋਕ ਦਿਲੀ ਹਮਦਰਦੀ ਪ੍ਰਗਟਾਉਣ ਦੀ ਥਾਂ ਓਪਰੀ ਹਮਦਰਦੀ ਹੀ ਪ੍ਰਗਟਾਉਂਦੇ ਹਨ। ਉਹਨਾਂ ਦਾ ਹਿਸਾਬ ਤਾਂ ਮਗਰਮੱਛ ਦੇ ਹੰਝੂ ਵਹਾਉਣ ਵਾਲ਼ਾ ਹੁੰਦਾ ਹੈ।
54. **ਮੂੰਹ ਦੀ ਖਾਣੀ (ਹਾਰ ਹੋਣੀ)** : ਭਾਰਤੀ ਫ਼ੌਜਾਂ ਅੱਗੇ ਪਾਕਿਸਤਾਨੀ ਫ਼ੌਜਾਂ ਨੂੰ ਮੂੰਹ ਦੀ ਖਾਣੀ ਪਈ।
55. **ਮੌਤ ਦੇ ਘਾਟ ਉਤਾਰਨਾ (ਜਾਨੋਂ ਮਾਰਨਾ)** : 1947 ਈ. ਦੀ ਦੇਸ-ਵੰਡ ਸਮੇਂ ਅਨੇਕਾਂ ਲੋਕ ਮੌਤ ਦੇ ਘਾਟ ਉਤਾਰੇ ਗਏ।

56. ਰੰਗ ਉੱਡ ਜਾਣਾ (ਘਬਰਾ ਜਾਣਾ) : ਆਪਣੇ ਘਰ ਦੇ ਬੂਹੇ 'ਤੇ ਖੜੀ ਪੁਲਿਸ ਨੂੰ ਵੇਖ ਕੇ ਸਤਨਾਮ ਦਾ ਰੰਗ ਉੱਡ ਗਿਆ।

57. ਰਾਤ ਦਿਨ ਇੱਕ ਕਰਨਾ (ਬਹੁਤ ਮਿਹਨਤ ਕਰਨੀ) : ਸਫਲਤਾ ਪ੍ਰਾਪਤ ਕਰਨ ਲਈ ਰਾਤ ਦਿਨ ਇੱਕ ਕਰਨਾ ਪੈਂਦਾ ਹੈ।

58. ਲਕੀਰ ਦਾ ਫ਼ਕੀਰ ਹੋਣਾ (ਬਿਨਾਂ ਸੋਚੇ-ਸਮਝੇ ਪੁਰਾਣੀਆਂ ਲੀਹਾਂ 'ਤੇ ਚੱਲਣਾ) : ਅੱਜ-ਕੱਲ੍ਹ ਕੋਈ ਵੀ ਲਕੀਰ ਦਾ ਫ਼ਕੀਰ ਨਹੀਂ ਬਣਨਾ ਚਾਹੁੰਦਾ।

59. ਵੇਲ਼ਾ ਟਪਾਉਣਾ (ਦਿਨ ਗੁਜ਼ਾਰਨੇ) : ਗ਼ਰੀਬ ਲੋਕ ਤਾਂ ਆਪਣਾ ਵੇਲ਼ਾ ਟਪਾਉਂਦੇ ਹਨ।

## ਤੁਸੀਂ ਜਾਣ ਗਏ ਹੋਵੋਗੇ

* 'ਮੁਹਾਵਰਾ' ਸ਼ਬਦਾਂ ਦਾ ਉਹ ਸਮੂਹ ਹੈ ਜਿਸ ਦੇ ਸ਼ਬਦੀ ਅਰਥ ਅਤੇ ਭਾਵ-ਅਰਥ ਵਿੱਚ ਫ਼ਰਕ ਹੁੰਦਾ ਹੈ। ਮੁਹਾਵਰੇ ਦੀ ਵਰਤੋਂ ਇਸ ਦੇ ਭਾਵ-ਅਰਥ ਲਈ ਹੀ ਕੀਤੀ ਜਾਂਦੀ ਹੈ। ਮੁਹਾਵਰਿਆਂ ਦੇ ਅੰਤ 'ਤੇ ਨਾ, ਣਾ, ਨੀ, ਣੀ, ਨੇ, ਣੇ ਆਦਿ ਆਉਣਾ ਜ਼ਰੂਰੀ ਹੈ।